# ਸੋਹਣੀ ਮਹੀਂਵਾਲ

## ਕ੍ਰਿਤ ਫਜ਼ਲ ਸ਼ਾਹ



ਪ੍ਰਕਾਸ਼ਕ ਮਾਘੀ ਰਾਮ ਮੰਤ ਰਾਮ ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ

੧ ਓ ਵਾਹਿਗੁਰੂ ਜੀ ਕੀ ਫਤਹ ॥

—ਤਾਰੀਫ ਖੁਦਾ ਹਜ਼ਰਤ ਨਬੀ ਪਾਕ—

ਅਵਲ ਹਮਦ ਸੁਣਾਇਖੁਦਾਇਤਾਂਈ ਜਿਸਇਸ਼ਕ ਥੀਂ ਕੁਲਜਹਾਨਕੀਤਾ
ਨਬੀ ਪਾਕ ਰਸੂਲ ਮਾਸ਼ੂਕ ਕਰਕੇ ਮਖਲੂਕ ਕੋਲੋਂ ਆਲੀਸ਼ਾਨ ਕੀਤਾ
ਲੋਹ ਕਲਮਚੌਦਾਂ ਤਬਕਅਰਸ਼ਕੁਰਸੀ ਸਭ ਇਸ਼ਕਸੇਤੀਨਿਗ੍ਹਾਬਾਨਕੀਤਾ
ਹੋਇਆਫਜ਼ਲ ਖੁਦਾਇਦਾ ਆਸ਼ਕਾਂਤੇ ਜਦੋਂ ਇਸ਼ਕਨੇਆਨਮਕਾਨਕੀਤਾ

ਆਸ਼ਕਾਂ ਦੇ ਹਾਲ

ਲੈਲੀ ਵਿਚ ਮਹਲਾਂ ਦੇ ਰਹੇ ਰੋਂਦੀ ਵੇਖ ਯਾਰ ਦਾ ਮੰਦੜਾ ਹਾਲ ਮੀਆਂ
ਰਾਂਝਾ ਤਖਤ ਹਜ਼ਾਰੇ ਦਾ ਚੌਧਰੀਸੀ ਏਸ ਇਸ਼ਕ ਕੀਤਾ ਚਰਵਾਲ ਮੀਆਂ
ਬੇਲੇਵਿਚ ਥੇਲੀਪਿਛੇ ਫਿਰੇਕਮਲੀ ਕੁਠੀਇਸ਼ਕਦੀ ਹੀਰਸਿਆਲਮੀਆਂ
ਅਜ਼ਮ ਜਾਮ ਬੇਟੀਜਿਸਦਾ ਨਾਮਸੱਸੀ ਗਈ ਯਾਰ ਪਿਛੇਖੁਲੇਵਾਲਮੀਆਂ
ਪੁਨੂੰਕੇਚਮਕਰਵਾਨਤਾਂਇਸ਼ਕਆਂਦਾ ਥਲਾਂਵਿਚਮੋਇਆਸੱਸੀਨਾਲਮੀਆਂ
ਫਰਿਆਦ ਪਹਾੜ ਨੂੰ ਚੀਰ ਮੋਯਾ ਸ਼ੀਰੀ ਵਾਸਤੇ ਕਠਨ ਮੁਹਾਲ ਮੀਆਂ
ਸ਼ੀਰੀਂਦਰਦ ਫਿਰਾਕਦੇ ਨਾਲ ਰੁੰਨੀ ਸਾਰਾ ਜੀਉਦਾ ਖੂਨ ਉਛਾਲਮੀਆਂ
ਮੱਯਾਰ ਦਿਤੀ ਜਾਨ ਯਾਰ ਤਾਈਂ ਚੰਦਨਬਦਨ ਮੋਈ ਕੌਲ ਪਾਲਮੀਆਂ
ਮਿਰਜ਼ੇ ਤੀਰਖਾਧੇ ਖਾਤਰਸਾਹਿਬਾਂਦੀ ਗਏ ਮੁਢ ਕਲੇਜਿਓਂ ਭਾਲਮੀਆਂ
ਮੋਈ ਸਾਹਿਬਾਂਭੀਏਸ ਇਸ਼ਕਅੰਦਰ ਕੀਤਾ ਯਾਰਦੇਨਾਲ ਵਸਾਲਮੀਆਂ
ਮਨਸੂਰ ਸੂਲੀ ਉਤੇ ਚਾੜ੍ਹ ਦਿਤਾ ਏਸ ਇਸ਼ਕ ਮੱਲੀ ਏਹੋ ਚਾਲਮੀਆਂ
ਸ਼ਮਸ ਜੇਹਾਂਦੀ ਖਲ ਉਧੇੜ ਸਿਟੀ ਕਿਵੇਂ ਮਲਕੀਨੂੰਪਏ ਜੰਜਾਲਮੀਆਂ
ਮਸਤ ਹੋ ਚਕੋਰ ਨੇ ਦੀਦ ਲਾਈ ਵੇਖੇ ਚੰਦ ਦਾ ਹੁਸਨ ਜਮਾਲ ਮੀਆਂ
ਚੱਕਵੀਚੱਕਵੇਨੂੰ ਇਸ਼ਕਕਮਾਲਹੋਯਾ ਰਾਤੀਂਕੱਢਿਆਂਤੇਕਰਨਜ਼ਾਲਮੀਆਂ
ਭੌਰਾਬੁਲਬੁਲਾਂਨੇ ਬਹੁਤਪਯਾਰਸੇਤੀ ਨਾਲਫੁਲਾਂਕੀਤੀਕੀਲਕਾਲ ਮੀਆਂ
ਲੱਖਾਂ ਮਰਨ ਪਤੰਗ ਬੇਰੰਗ ਹੋਕੇ ਸੂਰਤ ਸੋਹਣੀ ਵੇਖ ਮਸਾਲ ਮੀਆਂ
ਪਹਿਲੇ ਸ਼ਹਿਦਪਿਆਲਵਸਾਲਸੰਦਾ ਪਿਛੋਂਦੇਇ ਅਲਬਜ਼ਾਬਾਲ ਮੀਆਂ
ਜਨਾਂਮਾਰਿਆਮਰੇ ਨ ਮੂਲਜ਼ਾਲਮ ਗੈਰਤਕ ਨਾ ਛਡਦਾਖਿਆਲਮੀਆਂ

ਲੱਖਾਂ ਆਸ਼ਕਾਂ ਨੂੰ ਏਸ ਇਸ਼ਕ ਜ਼ਾਲਮ ਕੀਤਾ ਬਕਰੇ ਵਾਂਗ ਹਲਾਲ ਮੀਆਂ
ਰੋੜਾ ਮੋਯਾ ਜਲਾਲੀ ਦੇ ਇਸ਼ਕ ਪਿਛੇ ਆਜਜ਼ ਹੋ ਫਕੀਰ ਕੰਗਾਲ ਮੀਆਂ
ਇਸ਼ਕ ਸੋਹਣੀ ਵਿਚ ਝਨਾਉਂ ਡੁਬੀ ਫੇਰ ਪੇਸ਼ ਪਿਆ ਮਹੀਂਵਾਲ ਮੀਆਂ
ਫਜ਼ਲ ਸ਼ਾਹ ਮਰੇ ਲੜ ਇਸ਼ਕ ਖੂਨੀ ਕਈ ਖੂਹਣੀਆਂ ਸੱਟੀਆਂ ਗਾਲ ਮੀਆਂ

### ਸ਼ਾਇਰ ਨੇ ਦਿਲ ਨੂੰ ਸਮਝਾਣਾ

ਬਸ ਬਸ ਮੀਆਂ ਮਤੀਂ ਦਸ ਨਾਹੀ ਇਸ਼ਕ ਜਾਣਦਾ ਨਹੀਂ ਬਖੇੜਿਆਂ ਨੂੰ
ਮਤਾਂ ਸਭ ਨਸੀਹਤਾਂ ਘੋਲ ਪੀਵੇ ਕਾਹਨੂੰ ਛੇੜਿਆ ਈ ਏਨਾਂ ਛੇੜਿਆਂ ਨੂੰ
ਸੁਣ ਗਲ ਮਕਸੂਦ ਦੀ ਆਖ ਮੂੰਹੋਂ ਛੱਡ ਸਾਰਿਆਂ ਝਗੜਿਆਂ ਝੇੜਿਆਂ ਨੂੰ
ਫਜ਼ਲ ਮੰਗ ਦੁਆਇ ਖੁਦਾਇ ਅਗੇ ਜੇਹੜਾ ਪਾਰ ਲਾਏ ਲਖਾਂ ਬੇੜਿਆਂ ਨੂੰ

### ਸ਼ਾਇਰ ਨੇ ਰੱਬ ਅਗੇ ਬੇਨਤੀ ਕਰਨੀ

ਕੌਲ ਪਾਲਣਾ ਬਹੁਤ ਜਰੂਰ ਹੋਇਆ ਕੀਤਾ ਦੋਸਤਾਂ ਨਾਲ ਇਕਰਾਰ ਅੱਲਾ
ਮੈਨੂੰ ਅਕਲ ਸ਼ਹੂਰ ਦੀ ਦਾਤ ਬਖਸੀਂ ਫਰਿਆਦ ਕਰਾਂ ਐਗਨਹਾਰ ਅੱਲਾ
ਤੇਰੀ ਮੇਹਰ ਬਾਝੋਂ ਕੀਕਰ ਸ਼ੇਅਰ ਹੋਵੇ ਮੈਂ ਤੇ ਹਰਫ ਦਾ ਨਹੀਂ ਤਕਰਾਰ ਅੱਲਾ
ਵਰੇ ਸ਼ੇਰ ਦਾ ਬਹਿਰ ਪੁਰਲ ਹਿਰ ਡੂੰਘਾ ਨਹੀਂ ਸ਼ੇਅਰ ਸੰਦੀ ਮੈਨੂੰ ਸਾਰ ਅੱਲਾ
ਸ਼ੇਅਰ ਮੇਰਾ ਪੂਰਾ ਬਹਿਰ ਸਾਈਆਂ ਤੇਥੀਂ ਫਜ਼ਲ ਦਾ ਨਹੀਂ ਸ਼ੁਮਾਰ ਅੱਲਾ
ਫਜ਼ਲ ਸ਼ਾਹ ਫਕੀਰ ਦਿਲ ਗੀਰ ਹੁੰਦਾ ਨਾਲ ਫਜ਼ਲ ਕਰੀਂ ਬੇੜਾ ਪਾਰ ਅੱਲਾ

### ਸ਼ੁਰੂ ਕਿਸਾ

ਇਕ ਸ਼ਹਿਰ ਗੁਜਰਾਤ ਝਨਾਉਂ ਕੰਢੇ ਓਹਦੇ ਵਿਚ ਤੁਲਾ ਘੁਮਿਆਰ ਆਹਾ
ਉਤਮ ਜਾਤ ਨਜੀਬ ਨਸੀਬ ਵਾਲਾ ਮਸ਼ਹੂਰ ਸਰਕਾਰ ਦਰਬਾਰ ਆਹਾ
ਅਫਲਾਤੂਨ ਲੁਕਮਾਨ ਸ਼ਗਿਰਦ ਉਸਦੇ ਅਕਲ ਹੋਸ਼ ਦਾ ਬਹੁਤ ਹੁਸ਼ਿਆਰ ਆਹਾ
ਰੋਯਾ ਚੀਨ ਦਾਸੀ ਚੀਨੀ ਸਾਜ ਤੁਲਾ ਨਾਲ ਕਸਬ ਕਮਾਲ ਵਿਹਾਰ ਆਹਾ
ਕੂਜੇ ਬਾਦੀਏ ਕਰੇ ਤਿਆਰ ਐਸੇ ਜਿਸ ਦੇਖਿਆ ਸੋ ਤਲਬਗਾਰ ਆਹਾ
ਜਾਕੇ ਨਜਰ ਗੁਜਾਰਦਾ ਪੇਸ਼: ਸਾਰਾ ਏਸ ਚਾਲ ਕੋਲੋਂ ਮਾਲਦਾਰ ਆਹਾ
ਫਜ਼ਲ ਸ਼ਾਹ ਹਰ ਸਿਫਤ ਮੌਸੂਫ ਤੁਲਾ ਨੇਕ ਨਾਮ ਬੇਅੰਤ ਸ਼ੁਮਾਰ ਆਹਾ

### ਸੋਹਣੀ ਦਾ ਪੈਦਾ ਹੋਣਾ

ਇਕ ਰੋਜ ਤੁਲਾ ਗਿਆ ਵਿਚ ਮਹਿਲੀਂ ਰਖਜੀਉ ਤੇ ਸ਼ੌਕ ਕਮਾਲ ਮੀਆਂ

ਸਿਪ ਅਬਰਨੈਸਾਣ ਦੇ ਕਰਮ ਕੋਲੋਂ ਬਾਰਵਰਹੋਯਾ ਮੋਤੀ ਲਾਲ ਮੀਆਂ
ਸੂਰਜ ਫਜਰ ਦੇਆਨਕੇ ਚਮਕਮਾਰੀ ਪਬਰਵਿਚੋਂ ਯਾਪੈਦਾਲਾਲ ਮੀਆਂ
ਕੀਤੇ ਕੰਮ ਖ਼ੁਦਾਇਦੇ ਰਾਸ ਹੋਏ ਹਮਲਨਾਲਹੋਈ ਓਹਦੀ ਹਾਲ ਮੀਆਂ
ਜਦੋਂ ਗੁਜਰ ਗਏ ਨੌ ਮਾਹ ਪੂਰੇ ਕੀਤੀਦਰਦ ਨੇ ਬਹੁਤਬਿਸਾਲ ਮੀਆਂ
ਦਾਈ ਆਨ ਕੀਤਾ ਸਭ ਕਾਰਖਾਨਾ ਜੋ ਜਗ ਜਹਾਨ ਦੀ ਚਾਲ ਮੀਆਂ
ਪਿਛਲੀਰਾਤਲਗ਼ਕੀਪੈਦਾ ਵਾਰਹੋਈਚੇਹਰਾਚਮਕਦਾਵਾਂਗਮਸਾਲ ਮੀਆਂ
ਫ਼ਜਲਸ਼ਾਹਸੋਹਣੀਉਸਦਾਨਾਮਰਖਣਸੋਹਣਾ ਵੇਖਕੇਹੁਸਨਜਮਾਲ ਮੀਆਂ

ਸੋਹਣੀ ਦਾ ਪਾਲਣਾ

ਸੋਹਣੀਰਾਤ ਸ਼ਬਕਦਰਦੇਜਨਮਲਿਆ ਵਿਚਪੋਤੜੇਇਸ਼ਕਦੇਪਾਇਓ ਨੇ
ਜੇਹੜੀਹਾਤਗੁਜ਼ਤੀਮਿਲੀਸਾਰੇਆਸ਼ਕਾਂਨੂੰਸੋਈਸੋਹਣੀ ਦੇਮੁਖਲਾਇਓ ਨੇ
ਜੋ ਕੁਝ ਸ਼ਰਾਸ਼ਰੀਫ਼ ਦੀ ਬਾਤ ਆਹੀ ਮੁਲਾਂਸਦਕੇਲਾਗ ਦਿਵਾਇਓ ਨੇ
ਫਜਲਸ਼ਾਹ ਸੋਹਣੀ ਜੰਮਦੀ ਰੌਣਲਗੀਦੇਖੋਅਕਲ ਤੇ ਹੋਸ਼ ਭੁਲਾਇਓ ਨੇ

ਡਬਾ

ਮਾਂ ਸੋਹਣੀ ਦੀ ਸਦਵਾ ਦਾਈ ਦਿੰਦੀ ਸੌਂਪ ਤੇ ਪਾਲਣੀ ਪਾਂਵਦੀ ਸੀ
ਦਾਈ ਬਹੁਤ ਪਿਆਰਤੇ ਮੇਹਰਸੇਤੀ ਨਿਤਆਪਣਾਸੀਰ ਪਿਲਾਂਵਦੀ ਸੀ
ਹੋਰ ਕਈ ਸ਼ਰੀਣੀਆਂ ਦੂਧ ਪੇੜੇ ਮੱਖਣ ਖੰਡ ਦੇ ਨਾਲ ਚਟਾਂਵਦੀ ਸੀ
ਫਜਲ ਵਹੇ ਦੀ ਸੋਹਣੀਬੇਹਨਲਗੀ ਜੀਉਮਾਓਂ ਤੇਬਾਪਦੇਭਾਂਵਦੀ ਸੀ

ਬਾਰਾਂ ਸਾਲ ਦੀ ਸੋਹਣੀ ਹੋਣੀ

ਵਰ੍ਹੇ ਬਾਰ੍ਹਵੇਂਵਿਚਪਰਵਾਰ ਸੋਹਣੀ ਜਿਵੇਂ ਚੌਧਵੀਂਚੰਦ ਪਰਵਾਰ ਬੇਲੀ
ਤ੍ਰਿੰਜਣਵਿਚ ਬੈਠੀ ਸਹੀਆਂਨਾਲ ਸੋਹਣੀਪੇਣਚਰਖਿਆਂ ਦੇਘੁੰਮਕਾਰ ਬੇਲੀ
ਕੋਈ ਦੇਇ ਜੋਟੇ ਕੋਈ ਦੇਇਪੂਣੀ ਕੋਈ ਕਤਦੀ ਬਾਂਹ ਉਲਾਰ ਬੇਲੀ
ਕੋਈ ਮਲੇ ਦੰਦਾਸੜਾ ਕੋਈ ਸੁਰਖੀ ਕੋਈਲਾਂਵਦੀ ਹਾਰ ਸਿੰਗਾਰਬੇਲੀ
ਕੋਈ ਪਾ ਸੁਰਮਾਂ ਕੋਈ ਪਾ ਕੱਜਲ ਨੋਕਦਾਰ ਰਖੇ ਕਾਲੀ ਧਾਰ ਬੇਲੀ
ਕੋਈ ਹੁਸਨ ਉਤੇ ਮਗਰੂਰਬੈਠੀ ਕੋਈਗੱਲਕਰਦੀਨਾਲ ਪਿਆਰ ਬੇਲੀ
ਕੋਈ ਤੇਜ ਨਿਗਾਹ ਦੇ ਨਾਲ ਬੈਠੀ ਤਿਖੇ ਨੈਨ ਦੋ ਤੇਜ ਕਟਾਰ ਬੇਲੀ
ਕੋਈ ਫਾਹੁਣੇ ਵਾਸਤੇ ਆਸ਼ਕਾਂ ਦੇ ਪਾਏ ਜ਼ੁਲਫਾਂ ਦੇ ਪੇਰ ਸਵਾਰ ਬੇਲੀ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.